ਬਾਬਾ
ਵਿਸ਼ਵਕਰਮਾਂ
ਜੀ
ਦੇ



ਵਿਸ਼ਵਕਰਮਾਂ
ਦਿਵਸ
ਤੇ
ਪ੍ਰਕਾਸ਼ਤ

ਕਾਇਮ-ਸ਼ੁਦਾ 1933

# ਇਮਾਰਤੀ ਕਾਰਕੁਨ (BUILDERS) ਕਮੇਟੀ

(ਰਜਿ:) ਅੰਮ੍ਰਿਤਸਰ ਦਾ

# ਪੰਜਾਹ-ਸਾਲਾ ਇਤਿਹਾਸ

ਅਰਥਾਤ

# ਗੋਲਡਨ-ਜੁਬਲੀ

ਪ੍ਰਕਾਸ਼ਕ—ਜਨਰਲ ਸਕੱਤਰ
ਦਫ਼ਤਰ :—2395:V 17, ਗਲੀ ਨੰ: 2, ਉਤਮਗੜ੍ਹ
ਬਜ਼ਾਰ ਬਾਬਾ ਭੌੜੀਵਾਲਾ, ਅੰਮ੍ਰਿਤਸਰ ਫ਼ੂਨ 5226,

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਸ ਤੋਂ ਪਹਿਲੋਂ ਕਿ ਕੁਝ ਇਮਾਰਤੀ ਕਾਰਕੁਨ ਕਮੇਟੀ ਬਾਰੇ ਲਿਖਿਆ **ਜਾਏ**, ਇਹ ਠੀਕ ਹੋਵੇਗਾ ਕਿ ਇਸ ਦੀ ਹੋਂਦ ਦੇ ਕਾਰਨ ਤੇ **ਇਸਦ** ਪਿਛੋਕੜ ਤੇ ਕੁਝ ਥੋੜੀ ਜਿਹੀ ਰੋਸ਼ਨੀ ਪਾਈ ਜਾਏ ।

ਅਸੀਂ ਕੁਝ ਪਿਛਲੇ ਸਮੇਂ ਵਲ ਝਾਤੀ ਮਾਰੀਏ ਕਿ ਸਾਡੇ ਕੰਮਾਂ ਅਤੇ ਰਾਜ ਮਜ਼ਦੂਰਾਂ (ਇਮਾਰਤੀ ਕਾਮਿਆਂ) ਦੀ ਕੀ ਦਸ਼ਾ ਹੁੰਦੀ ਸੀ। ਸਵੇਰੇ ਸੂਰਜ ਚੜ੍ਹਦਿਆਂ ਕੰਮਾਂ ਤੇ ਚਲੇ ਜਾਣਾ ਤੇ ਦੀਵੇ ਬਲੀਂ ਛੁਟੀ ਕਰਨੀ । ਭਾਵੇਂ ਦੁਪਹਿਰੀਂ ਰੋਟੀ ਖਾਣ ਦੀ ਛੁਟੀ ਹੁੰਦੀ ਸੀ । ਅਜਿਹੀ ਔਖੀ ਕਮਾਈਨੂੰ ਵੇਖਕੇ ਬਾਬਾ ਭਾਗ ਸਿੰਘ ਜੀ ਨੇ ਵਿਅਕਤੀਗਤ ਤੋਰ ਤੇ ਅੱਠ ਘੰਟੇ ਕੰਮ ਕਰਨ ਦਾ ਉਪਰਾਲਾ ਅਰੰਭਿਆ । ਕੁਝ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਜੀ ਗਲੀ ੨ ਮੁਹੱਲੇ ੨ ਜਾਕੇ ਇਮਾਰਤੀ ਕਾਮਿਆਂ ਨੂੰ ਇਹ ਅਨੁਭਵ ਕਰਾਇਆ ਕਿ ਅੱਠ ਘੰਟਿਆਂ ਤੋਂ ਵਧ ਕੰਮ ਕਰਨਾ ਗੁਨਾਹ ਹੈ, ਜਦ ਕਿ ਸਭ ਸਰਕਾਰੀ ਅਦਾਰਿਆਂ ਵਿਚ ਅੱਠ ਘੰਟ ਕੰਮ ਕੀਤਾ ਜਾਂਦਾ ਹੈ, ਸਾਡੇ ਕੋਲੋਂ ਬਾਰਾਂ ਘੰਟੇ ਕੰਮ ਕਿਉਂ ਲਿਆ ਜਾਂਦਾ ਹੈ। ਇਸ ਪ੍ਰਚਾਰ ਦਾ ਸ਼ਹਿਰ ਵਿਚ ਬੜਾ ਚੰਗਾ ਪ੍ਰਭਾਵ ਪਿਆ ।

ਕਿਉਂਕਿ ਉਸ ਸਮੇਂ ਮਿਸਤਰੀਆਂ ਦਾ ਬਹੁਤਾ ਬੋਲ ਬਾਲਾ ਸੀ ਇਸ ਲਈ ਬਾਬਾ ਜੀ ਦੇ ਇਸ ਉਦਮ ਨੂੰ ਸਿਰੇ ਚੜ੍ਹਣ ਵਿਚ ਬਹੁਤ ਮੁਸ਼ਕਲ ਪੇਸ਼ ਆਈ। ਬਾਬਾ ਭਾਗ ਸਿੰਘ ਨੇ ਇਹ ਪ੍ਰਣ ਲਿਆ, ਜਦ ਤਕ ਕੰਮਾਂ ਤੇ ਅੱਠ ਘੰਟੇ ਦਾ ਟਾਈਮ ਨਹੀਂ ਬਝਦਾ ਮੈਂ ਕੰਮ ਨਹੀਂ ਕਰਾਂਗਾ ।

ਬਸਰੇ ਦੀ ਜੰਗ ਸਮੇਂ ਬਹੁਤ ਸਾਰੇ ਇਮਾਰਤੀ ਕਾਮੇ ਬਾਹਰ ਚਲੇ ਗਏ । ਇਥੇ ਬਹੁਤ ਥੋੜੇ ਕਾਰੀਗਰ ਰਹਿ ਗਏ ਸਨ । ਇਸ ਮੌਕੇ ਇਮਾਰਤੀ ਕਾਮਿਆ ਅੱਠ ਘੰਟੇ ਦੀ ਦਿਹਾੜੀ ਦੀ ਆਵਾਜ਼

Digitized by Panjab Digital Library / www.panjabdigilib.org

ਉੱਚੀ ਕੀਤੀ। ਸਿੱਟੇ ਵਜੋਂ ਅੱਠ ਘੰਟੇ ਦੀ ਦਿਹਾੜੀ ਪੱਕੀ ਹੋ ਗਈ।

ਪਰ ਦੂਜੇ ਪਾਸੇ ਮਿਸਤਰੀ ਸਾਹਿਬਾਨ ਨੇ ਆਪਣੀਆਂ ਇਸਦੇ ਉਲਟ ਇਕੱਤਰਤਾਵਾਂ ਕਰਨੀਆਂ ਆਰੰਭ ਦਿਤੀਆਂ ਜਿਸ ਵਿਚ ਇਹ ਤੈਹ ਕੀਤਾ ਜਾਂਦਾ, ਜਿਹੜਾ ਕਾਰੀਗਰ ਅਠ ਘੰਟੇ ਕੰਮ ਕਰੇ ਉਸਨੂੰ ਕੰਮ ਤੇ ਬਿਲਕੁਲ ਨਾ ਲਾਇਆ ਜਾਏ।

ਕਿਉਂਕਿ ਇਮਾਰਤੀ ਕਾਮਿਆਂ ਦੀ ਘਾਟ ਸੀ ਇਸ ਲਈ ਮਜ਼ਬੂਰਨ ਮਿਸਤਰੀ ਸਾਹਿਬਾਨ ਨੂੰ ਵੀ ਅਠ ਘੰਟੇ ਦੀ ਮੰਗ ਅਗੇ ਝੁਕਣਾ ਪਿਆ।

ਮਿਸਤਰੀ ਸਾਹਿਬਾਨ ਨੇ ਇਹ ਫੈਸਲਾ ਵੀ ਕੀਤਾ ਕਿ ਇਮਾਰਤੀ ਕਾਮਿਆਂ ਦੀ ਇਕ ਜਥੇਬੰਦੀ ਕਾਇਮ ਕੀਤੀ ਜਾਏ। ਇਸ ਤਜਵੀਜ਼ ਨੂੰ ਮੁਖ ਰਖਦਿਆਂ ਸਿੱਖਾਂ ਅਤੇ ਮੁਸਲਮਾਨ ਮਿਸਤਰੀਆਂ ਨੇ 20 ਅਪ੍ਰੈਲ 1933 ਨੂੰ "ਇਮਾਰਤੀ ਕਾਰਕੁਨ ਕਮੇਟੀ" ਨਾਂ ਦੀ ਜਥੇਬੰਦੀ ਕਾਇਮ ਕੀਤੀ। ਇਸੇ ਸਮੇਂ ਕਮੇਟੀ ਦੀ ਚੋਣ ਕੀਤੀ ਗਈ। ਫੈਸਲਾਜਾਤ ਦੀਆਂ ਕਾਪੀਆਂ ਛਪਵਾਕੇ ਵੰਡੀਆਂ ਗਈਆਂ।

ਕਮੇਟੀ ਦੇ ਅਹੁਦੇਦਾਰ ਇਸ ਪ੍ਰਕਾਰ ਸਨ :—

ਪ੍ਰਧਾਨ - ਮਿ: ਜੈਮਲ ਸਿੰਘ

ਸੈਕਟਰੀ - ਮਿ: ਮੁਰਾਦ ਅਲੀ ਠੇਕੇਦਾਰ

ਹੋਰ ਮੈਂਬਰ ਇਸ ਪ੍ਰਕਾਰ ਸਨ—

ਮਿ: ਮੂਲ ਸਿੰਘ, ਮਿ: ਸੁੰਦਰ ਸਿੰਘ, ਮਿ: ਮੌਲਾਬਖਸ਼, ਮਿ: ਗੁਲਾਮ ਮੁਹੰਮਦ ਮਿ. ਆਤਮਾ ਸਿੰਘ, ਮਿ. ਰਲਾ ਸਿੰਘ, ਮਿ. ਅਤਰ ਸਿੰਘ, ਮਿ. ਗੁਲਾਮ ਮੁਹੰਮਦ ਕਮਦੇਗਰ।

ਇਸ ਕਮੇਟੀ ਦਾ ਨਾਂ ਇਮਾਰਤੀ ਕਾਰਕੁਨ ਕਮੇਟੀ ਤਾਂ ਜਰੂਰ ਰਖਿਆ ਗਿਆ, ਪਰ ਮੀਟਿੰਗਾਂ ਦੇ ਏਜੰਡੇ ਤੇ ਸਾਂਝੀਆਂ

Digitized by Panjab Digital Library | www.panjabdigilib.org

ਦੀਵਾਰਾਂ ਦੇ ਝਗੜੇ, ਦੀਵਾਰਾਂ ਦੇ ਨਿਰਖ ਕਾਇਮ ਕਰਨਾਂ, ਪੌੜੀਆਂ ਖਿੜਕੀਆਂ, ਰੋਸ਼ਨਦਾਨ ਤੇ ਪਰਨਾਲੇ ਆਦਿ ਦੇ ਝਗੜੇ ਨਿਪਟਣਾ ਸੀ। ਇਮਾਰਤੀ ਕਾਮਿਆਂ ਦੇ ਹਿਤ, ਜਿਹਾ ਕਿ ਦਿਹਾੜੀ ਦੇ ਰੇਟ ਵਧਾਉਣਾ, ਕੰਮ ਕਰਦਿਆਂ ਸੱਟ ਲਗਣ ਦਾ ਮੁਆਮਜ਼ਾ ਦਿਵਾਣ ਜਾਂ ਕਿਸੇ ਮਾਲਕ ਵਲੋਂ ਕਾਮਿਆਂ ਦੇ ਪੈਸੇ ਮਾਰ ਲੈਣਾ ਆਦਿ ਏਜੰਡੇ ਤੇ ਨਹੀਂ ਆਉਂਦਾ ਸੀ।

ਕੁਝ ਸਮੇਂ ਪਿਛੋਂ ਫੇਰ ਚੋਣ ਹੋਈ, ਜਿਸ ਵਿਚ ਪ੍ਰਧਾਨ ਮਿ. ਜੈਮਲ ਸਿੰਘ ਹੀ ਰਹੇ ਪਰ ਸਕੱਤਰ ਮਿ. ਮੁਹੰਮਦ ਇਸਮਾਈਲ ਚੁਣੇ ਗਏ, ਬਾਕੀ ਮੈਂਬਰ ਵੀ ਉਹੀ ਰਹੇ।

ਕੁਝ ਸਮਾਂ ਇਹ ਕਮੇਟੀ ਇਮਾਰਤੀ ਝਗੜਿਆਂ ਤਕ ਹੀ ਮਹਿਦੂਦ ਰਹੀ, ਤੇ ਫੇਰ ਕੁਝ ਚਿਰ ਇਹ ਮਿ. ਜੈਮਲ ਸਿੰਘ ਦੀ ਅਲਮਾਰੀ ਵਿਚ ਹੀ ਬੰਦ ਰਹੀ।

ਕੁਝ ਸਮੇਂ ਬਾਅਦ ਕਮੇਟੀ ਵਿਚ ਫੇਰ ਸਰਗਰਮੀ ਆਈ ਤੇ ਬੁੰਗਾ ਰਾਮਗੜ੍ਹੀਆਂ ਵਿਖੇ ਇਕ ਛੋਟਾ ਜਿਹਾ ਕਮਰਾ ਲੈ ਕੇ ਦਫਤਰ ਖੋਲ੍ਹਿਆ ਗਿਆ। ਅਗੋਂ ਕਮੇਟੀ ਦੀ ਚੋਣ ਤੇ ਨਹੀਂ ਕੀਤੀ ਗਈ ਪਰ ਕੁਝ ਮਿਸਤਰੀਆਂ ਤੇ ਕਾਰੀਗਰਾਂ ਦੀ ਸਾਂਝੀ ਕਮੇਟੀ ਬਣਾਈ ਗਈ। ਜਿਸ ਵਿਚ ਸਿਖ ਮੁਸਲਮਾਨ ਮਿਸਤਰੀ ਤੇ ਕਾਰੀਗਰ ਮੈਂਬਰ ਲਏ ਗਏ।

ਇਸ ਕਮੇਟੀ ਵਿਚ ਵੀ ਦੀਵਾਰੀ ਝਗੜਿਆਂ ਤੋਂ ਇਲਾਵਾ ਕੁਝ ਨਾ ਸੋਚਿਆ ਜਾਂਦਾ, ਕਾਰੀਗਰ ਮੈਂਬਰਾਂ ਨੇ ਸਮੇਂ ਦੀ ਮਹਿੰਗਾਈ ਨੂੰ ਮੁਖ ਰਖਦਿਆਂ ਕਈ ਵਾਰ ਰੇਟ ਵਧਾਉਣ ਦੀ ਮੰਗ ਉਠਾਈ ਪਰ ਮਿਸਤਰੀਆਂ ਦੀ ਬਹੁ ਗਿਣਤੀ ਹੋਣ ਕਾਰਨ ਅਸਫਲ ਰਹਿੰਦੇ ਰਹੇ। ਆਪਸ ਵਿਚ ਟਕਰਾ ਵਧਦਾ ਗਿਆ।

ਕਾਰੀਗਰਾਂ ਨੇ ਆਪਣੇ ਮਨਸ਼ੇ ਦੀ ਅਸਫਲਤਾ ਪਿਛੋਂ 1941 ਵਿਚ ਇਮਾਰਤੀ ਮਜ਼ਦੂਰ ਯੂਨੀਅਨ ਬਣਾ ਲਈ ਤੇ

Digitized by Panjab Digital Library | www.panjabdigilib.org

ਆਪਣਾ ਵਖਰਾ ਦਫ਼ਤਰ ਖੋਲ੍ਹ ਲਿਆ। ਇਸ ਯੂਨੀਅਨ ਵਿਚ ਜਿਨੇ ਵੀ ਮੈਂਬਰ ਆਏ ਉਹ ਬੜੇ ਉਤਸ਼ਾਹੀ ਤੇ ਗਰਮ-ਖਿਆਲਾਂ ਦੇ ਸਨ। ਇਨ੍ਹਾਂ ਨੇ ਆਪਣੀਆਂ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਤੇ ਕਈ ਮਹੱਤਵ ਪੂਰਨ ਫੈਸਲੇ ਲਏ।

ਇਮਾਰਤੀ ਮਜ਼ਦੂਰ ਯੂਨੀਅਨ ਦੇ ਅਹੁਦੇਦਾਰਾਂ ਤੇ ਵਰਕਿੰਗ ਮੈਂਬਰਾਂ ਦੇ ਨਾਂ ਇਸ ਪ੍ਰਕਾਰ ਸਨ:-

ਪ੍ਰਧਾਨ-ਸ: ਆਤਮਾ ਸਿੰਘ ਜੀ 'ਨਕਾਸ਼'
ਮੀਤ ਪ੍ਰਧਾਨ-ਸਾਧੂ ਸਿੰਘ
ਸਕੱਤਰ-ਸ: ਗਿਆਨ ਸਿੰਘ 'ਬਿਸਮਿਲ'
ਖਜ਼ਾਨਚੀ--ਸ: ਸਵਰਨ ਸਿੰਘ
ਔਰਗਨਾਈਜ਼ ਸਕੱਤਰ--ਜਿਆਉਲਦੀਨ

ਵਰਕਿੰਗ ਮੈਂਬਰ-ਕਾਮਰੇਡ ਸ਼ਿੰਗਾਰਾ ਸਿੰਘ, ਮਿ: ਅਬਦੁਲ ਗਨੀ, ਮੁਹੰਮਦ ਬਜ਼ੀਰ ਤੇ ਸ ਨਿਰਮਲ ਸਿੰਘ ਆਦਿ।

ਇਸ ਯੂਨੀਅਨ ਨੇ ਬੜੀ ਸਰਗਰਮੀ ਨਾਲ ਕੰਮ ਕਰਨਾ ਆਰੰਭ ਕੀਤਾ, ਕਈ ਪ੍ਰਕਾਰ ਦੇ ਫੈਸਲੇ ਵੀ ਕੀਤੇ। ਦੂਸਰੀ ਜ਼ੰਗ ਦੁਰਾਨ ਕੀਮਤਾਂ ਵਧ ਜਾਣ ਕਰਕੇ ਦਿਹਾੜੀ ਦਾ ਰੇਟ ਵਧੌਣ ਦਾ ਫੈਸਲਾ ਕੀਤਾ ਗਿਆ। ਪਰ ਕਿਉਂਕਿ ਇਮਾਰਤੀ ਕਾਰਕੁਨ ਕਮੇਟੀ ਵਿਚ ਮਿਸਤਰੀਆਂ ਦੀ ਬਹੁ ਗਿਣਤੀ ਸੀ, ਇਸ ਲਈ ਰੇਟ ਵਧਾਉਣ ਵਿਚ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ। ਇਸਤਰਾਂ ਯੂਨੀਅਨ ਨੂੰ ਕਈ ਤਰਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਅੰਤ ਕੁਝ ਨਰਮ ਵਿਚਾਰਾਂ ਦੇ ਮੈਂਬਰਾਂ ਇਹ ਵਿਚਾਰ ਰੱਖੀ ਕਿ ਇਮਾਰਤੀ ਕਾਰਕੁਨ ਕਮੇਟੀ ਵਿਚ ਸ਼ਾਮਲ ਹੋ ਕੇ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਵਾਇਆ ਜਾਵੇ।

ਇਹਨਾਂ ਮੈਂਬਰਾਂ ਦੇ ਪਰਤਣ ਤੇ ਪ੍ਰਧਾਨ ਮਿ: ਜੈਮਲ ਸਿੰਘ

Digitized by Panjab Digital Library | www.panjabdigilib.org

ਨੇ ਫੈਸਲਾ ਕੀਤਾ ਕਿ ਜਿਹੜਾ ਮੈਂਬਰ 20 ਪ੍ਰਾਇਮਰੀ ਮੈਂਬਰਾਂ ਦਾ ਫਾਰਮ ਭਰ ਕੇ ਲਿਆਏ ਉਸ ਨੂੰ ਕਮੇਟੀ ਦਾ ਮੈਂਬਰ ਬਣਾਇਆ ਜਾਏ। ਇਸ ਸਮੇਂ ਬੜੇ ਉਤਸ਼ਾਹੀ ਮੈਂਬਰਾਂ ਨੇ ਫਾਰਮ ਭਰਕੇ ਕਮੇਟੀ ਦੀ ਮੈਂਬਰਸ਼ਿਪ ਕੀਤੀ। ਮੈਂਬਰਾਂ ਦੀ ਕਾਫੀ ਗਿਣਤੀ ਹੋਣ ਤੇ ਵਿਚਾਰ ਪੇਸ਼ ਹੋਈ ਕਿ ਕਮੇਟੀ ਦੀ ਚੋਣ ਕਰਾਈ ਜਾਏ। ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਤੇ 1942 ਨੂੰ ਧਰਮ ਸਾਲਾ ਰਾਮਗੜ੍ਹੀਆਂ ਵਿਚ ਜਨਰਲ ਬਾਡੀ ਮੀਟਿੰਗ ਸਦਕੇ ਚੋਣ ਕੀਤੀ ਗਈ, ਜਿਸ ਵਿਚ ਹੇਠ ਲਿਖੇ ਅਹੁਦੇਦਾਰ ਤੇ ਵਰਕਿੰਗ ਮੈਂਬਰ ਚੁਣੇ ਗਏ।

ਪਧਾਨ–ਸ: ਜੈਮਲ ਸਿੰਘ
ਮੀਤ ਪ੍ਰਧਾਨ–ਮਿਸਤਰੀ ਅਬਦੁਲ ਗਨੀ
ਜਨਰਲ ਸਕੱਤਰ–ਜਿਆਉਲਦੀਨ
ਸਕੱਤਰ–ਗਿਆਨੀ ਚਰਨ ਸਿੰਘ
ਖਜ਼ਾਨਚੀ--ਸ: ਆਤਮਾ ਸਿੰਘ

ਵਰਕਿੰਗ ਮੈਂਬਰਾਂ ਵਿਚ ਬਹੁ ਸੰਮਤੀ ਕਾਰੀਗਰਾਂ ਦੀ ਸੀ।

ਇਸ ਕਮੇਟੀ ਦੀਆਂ ਮੀਟਿੰਗਾਂ ਬੜੀ ਸਰਗਰਮੀ ਨਾਲ ਹੋਣ ਲੱਗੀਆਂ ਤੇ ਹਰ ਛੇ ਮਹੀਨੇ ਬਾਅਦ ਜਲਸੇ ਹੋਣ ਲਗੇ। ਜਿਸ ਵਿਚ ਮੁਖ ਮੰਗਾਂ ਆਮ ਕਾਮਿਆਂ ਦੀਆਂ ਦਿਹਾੜੀਆਂ ਦੇ ਰੇਟ ਵਧਾਉਣ ਤੇ ਅੱਠ ਘੰਟਿਆਂ ਦੀ ਦਿਹਾੜੀ ਮੁਕੱਰਰ ਕਰਨਾ ਕੇ ਅਮਲ ਕਰਵਾਉਣਾ ਹੀ ਹੁੰਦਾ। 1944–1945 ਵਿਚ ਇਹ ਕਮੇਟੀ ਰਜਿਸਟ੍ਰਡ ਕਰਵਾ ਲਈ ਗਈ।

1947 ਵਿਚ ਦੇਸ਼ ਅਜ਼ਾਦ ਹੋਣ ਦੇ ਨਾਲ ਨਾਲ ਪੰਜਾਬ ਵਿਚ ਫਿਰਕੂ ਵੰਡ ਕਾਰਣ ਫ਼ਸਾਦ ਹੋ ਗਏ ਤੇ ਮੁਸਲਮਾਨ ਕਾਮੇ ਪਾਕਿਸਤਾਨ ਚਲੇ ਗਏ।

1949 ਵਿਚ ਇਸ ਕਮੇਟੀ ਵਿਚ ਮੁੜ ਸ਼ਰਗਰਮੀ ਆਈ,

Digitized by Panjab Digital Library | www.panjabdigilib.org

ਇਸ ਕਮੇਟੀ ਦੇ ਪ੍ਰਧਾਨ ਮਿਸਤਰੀ ਜੈਮਲ ਸਿੰਘ ਦੀ ਅਚਾਨਕ ਮੌਤ ਹੋ ਗਈ, ਤੇ ਨਵੇਂ ਪ੍ਰਧਾਨ ਠੇਕੇਦਾਰ ਗੁਰਚਰਨ ਸਿੰਘ ਚੁਣੇ ਗਏ । ਸਾਧੂ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ ।

ਨਵੇਂ ਅਹੁਦੇਦਾਰਾਂ ਦੀ ਸਰਗਰਮੀ ਕਾਰਨ ਹਰ ਮਸਿਆ ਵਾਲੇ ਦਿਨ ਆਮ ਜਲਸੇ ਕੀਤੇ ਜਾਣ ਲਗੇ, ਜਿਸ ਵਿਚ ਇਮਾਰਤੀ ਕਾਮਿਆਂ ਦੀਆਂ ਮੁਸ਼ਕਲਾਂ ਤੇ ਵਿਚਾਰਾਂ ਹੁੰਦੀਆਂ ਰਹੀਆਂ ਤੇ ਇਮਾਰਤੀ ਝਗੜਿਆਂ ਦੇ ਨਾਲ ਨਾਲ ਕਾਮਿਆਂ ਦੀਆਂ ਮੰਗਾਂ ਵਲ ਉਚੇਚਾ ਧਿਆਨ ਦਿਤਾ ਜਾਂਦਾ ਰਿਹਾ । ਇਸ ਸਮੇਂ ਕਰਤਾਰ ਸਿੰਘ ਨੂੰ ਕੰਮ ਕਰਦਿਆਂ ਸੱਟਾਂ ਲਗ ਗਈਆਂ । ਇਹ ਕੇਸ ਕਮੇਟੀ ਵਲੋਂ ਕੋਰਟ ਤਕ ਲਿਜਾਇਆ ਗਿਆ, ਜਿਸ ਵਿਚ ਕਮੇਟੀ ਦੀ ਜਿਤ ਹੋਈ ਤੇ ਕਾਰੀਗਰ ਨੂੰ ਮੁਆਵਜ਼ਾ ਦਿਵਾਇਆ ਗਿਆ ।

1951 ਵਿਚ ਸਾਧੂ ਸਿੰਘ ਦੇਸੋਂ ਬਾਹਰ ਚਲੇ ਜਾਣ ਕਾਰਨ ਨਵੇਂ ਜਨਰਲ ਸਕੱਤਰ ਸ: ਮੰਗਲ ਸਿੰਘ ਚੁਣੇ ਗਏ ।

1952 ਵਿਚ ਕਮੇਟੀ ਦਾ ਇਕ ਖਾਸ ਇਜਲਾਸ ਹੋਇਆ, ਜਿਸ ਵਿਚ ਸ਼ਹਿਰ ਦੇ ਮੁਖੀ ਸੱਜਣ ਵੀ ਸ਼ਾਮਲ ਹੋਏ, ਜਿਨ੍ਹਾਂ ਵਿਚ ਸ: ਸਰਮੁਖ ਸਿੰਘ 'ਚਮਕ' ਅਤੇ ਠੇਕੇਦਾਰ ਧਰਮ ਸਿੰਘ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ।

1954 ਦੀ ਚੋਣ ਵਿਚ ਚੌਧਰੀ ਗੁਰਬਖਸ਼ ਸਿੰਘ ਪ੍ਰਧਾਨ ਤੇ ਸ: ਤਰਲੋਕ ਸਿੰਘ ਨਾਗੀ ਸਕੱਤਰ ਚੁਣੇ ਗਏ । ਇਸ ਸਾਲ ਵਿਚ ਕਮੇਟੀ ਦੇ ਨਿਯਮਾਂ ਵਿਚ ਕੁਝ ਤਬਦੀਲੀਆਂ ਕਰਕੇ ਆਮ ਮੈਂਬਰਾਂ ਦੀ ਜਾਣਕਾਰੀ ਲਈ ਵਿਧਾਨ ਛਾਪਿਆ ਗਿਆ । 1955 ਵਿਚ ਮਿ. ਬਲਵੰਤ ਸਿੰਘ ਨਾਗੀ ਜਨਰਲ ਸਕੱਤਰ ਰਹੇ । 1956 ਵਿਚ ਚੋਣ ਹੋਈ ਜਿਸ਼ ਦੇ ਪ੍ਰਧਾਨ ਸ: ਗੁਰਚਰਨ ਸਿੰਘ ਤੇ ਜਨਰਲ ਸਕੱਤਰ ਸ: ਸਾਧੂ ਸਿੰਘ ਚੁਣੇ ਗਏ, ਇਸੇ ਸਾਲ ਵਿਧਾਨ ਦੀ ਸੋਧ ਵੀ ਕੀਤੀ ਗਈ।

Digitized by Panjab Digital Library | www.panjabdigilib.org

1957 ਵਿਚ ਇਕ ਵੱਡਾ ਜਲਸਾ ਕਰਕੇ ਆਮ ਕਾਮਿਆਂ ਨੂੰ ਕਮੇਟੀ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਗਿਆ । ਇਸ ਸਾਲ ਚੁਣੇ ਗਏ ਅਹੁਦੇਦਾਰਾਂ ਦੇ ਨਾਂ ਇਸ ਪ੍ਰਕਾਰ ਹਨ :–

ਪ੍ਰਧਾਨ-ਸ: ਧਰਮ ਸਿੰਘ ਇੰਜੀਨੀਅਰ
ਮੀਤ ਪ੍ਰਧਾਨ--ਸ਼੍ਰੀ ਬੀ. ਬੀ. ਜੋਸ਼ੀ
,, ,, ਕਾਮਰੇਡ ਸ਼ੰਗਾਰਾ ਸਿੰਘ
ਜਨਰਲ ਸਕੱਤਰ–ਕਾ: ਸਾਧੂ ਸਿੰਘ
ਮੀਤ ਸਕੱਤਰ--ਸ: ਸੁਲੱਖਣ ਸਿੰਘ
ਖਜ਼ਾਨਚੀ-ਸ: ਆਤਮਾ ਸਿੰਘ ਨਕਾਸ਼
ਪ੍ਰਚਾਰ ਸਕੱਤਰ--ਸ: ਹਜਾਰਾ ਸਿੰਘ

ਇਸੇ ਸਾਲ ਦਿਹਾੜੀਆਂ ਦੇ ਰੇਟਾਂ ਵਿਚ ਵਾਧੇ ਦਾ ਐਲਾਨ ਕੀਤਾ ਗਿਆ। ਕੁਝ ਹੋਰ ਛੋਟੇ ਛੋਟੇ ਕੇਸਾਂ ਦੇ ਨਾਲ ਹੀ ਮਿਤ ਸਿੰਘ (ਰਾਜ) ਨੂੰ ਛੇ ਸੋ ਰੁਪਏ ਦਾ ਮੁਆਵਜ਼ਾ ਦਵਾਇਆ ਗਿਆ ।

1958 ਦੀ ਚੋਣ ਤੋਂ ਪਹਿਲਾਂ ਹਮੇਸ਼ਾਂ ਚੋਣ ਸਰਬ ਸੰਮਤੀ ਨਾਲ ਹੁੰਦੀ ਰਹੀ। ਇਸ ਸਾਲ ਚੋਣ ਵਿਚ ਖਾਸ ਸਰਗਰਮੀ ਦੇਖੀ ਗਈ ਤੇ ਅਹੁਦੇਦਾਰਾਂ ਦੀ ਚੋਣ ਵੋਟਾਂ ਰਾਹੀਂ ਕੀਤੀ ਗਈ। ਇਸ ਚੋਣ ਦੀ ਨਿਗਰਾਨੀ ਪ੍ਰੀਤਮ ਸਿੰਘ ਕਲਸੀ ਨੇ ਕੀਤੀ।

ਇਸੇ ਸਾਲ ਇਕ ਸਾਲਸੀ ਸਬ ਕਮੇਟੀ ਬਣਾਈ ਗਈ,ਉਸ ਕਮੇਟੀ ਨੇ ਕੁਝ ਸਮਾਂ ਬੜੀ ਸਰਗਰਮੀ ਨਾਲ ਕੰਮ ਕੀਤਾ। ਇਸ ਕਮੇਟੀ ਨੇ ਛੋਟੇ ਮੋਟੇ ਸਾਲਸੀ ਝਗੜੇ ਨਿਪਟਾਏ । ਇਸ ਸਾਲ ਇਕ ਕਾਰੀਗਰ ਸੁਦਾਗਰ ਸਿੰਘ ਦੀ ਹਾਦਸੇ ਕਾਰਣ ਮੌਤ ਹੋ ਗਈ । ਇਸ ਹਾਦਸੇ ਦਾ ਕਮੇਟੀ ਨੇ ਉਸਦੇ ਵਾਰਸਾਂ ਨੂੰ ਸੋਲਾਂ ਸੋ ਰੁਪੈ ਮੁਆਵਜ਼ਾ ਦਿਵਾਇਆ।

1959 ਤੋਂ 1961 ਤਕ ਕਮੇਟੀ ਦੇ ਅਹੁਦੇਦਾਰ ਇਸ ਪ੍ਰਕਾਰ ਰਹੇ :

Digitized by Panjab Digital Library | www.panjabdigilib.org

ਪ੍ਰਧਾਨ--ਗਿਆਨੀ ਚਰਨ ਸਿੰਘ!
ਮੀਤ ਪ੍ਰਧਾਨ--ਕਾਮਰੇਡ ਸ਼ੰਗਾਰਾ ਸਿੰਘ
ਸਕੱਤਰ--ਕਾ: ਸਾਧੂ ਸਿੰਘ
ਮੀਤ ਸਕੱਤਰ--ਸ: ਭਾਨ ਸਿੰਘ
ਖਜ਼ਾਨਚੀ--ਸ: ਆਤਮਾ ਸਿੰਘ ਨਕਾਸ਼

ਇਸੇ ਸਮੇਂ ਵਿਚ ਚਿਤਰਾ ਟਾਕੀਜ਼ ਦੇ ਮਾਲਕ ਕੋਲੋਂ ਅਰੂੜ ਸਿੰਘ ਦੀ ਵਿਧਵਾ ਨੂੰ ਮੁਆਵਜ਼ੇ ਦੀ ਰਕਮ ਦਵਾਈ ਜੋ ਚੋਦਾਂ ਸੋ ਦੇ ਕਰੀਬ ਸੀ।

ਇਸੇ ਸਮੇਂ ਵਿਚ ਕਮੇਟੀ ਨੇ 13 ਅਪਰੈਲ ਨੂੰ ਆਪਣਾ ਝੰਡਾ ਝੁਲਾਇਆ ਤੇ ਇਕ ਜਲਸਾ ਕੀਤਾ, ਜਿਸ ਵਿਚ ਕੁਝ ਪਤਵੰਤੇ ਸ਼ਹਿਰੀ ਸ਼ਾਮਲ ਹੋਏ, ਜਿਨ੍ਹਾਂ ਵਿਚ ਸ: ਧਰਮ ਸਿੰਘ ਇੰਨਜੀਨੀਅਰ, ਸ੍ਰੀ ਬੀ. ਬੀ. ਜੋਸ਼ੀ, ਸ: ਠਾਕਰ ਸਿੰਘ ਆਰਟਿਸਟ ਤੇ ਸ਼: ਵਰਿਆਮ ਸਿੰਘ ਐਮ. ਸੀ. ਆਦਿ। ਇਸ ਦੇ ਨਾਲ ਹੀ ਪਹਿਲੀ ਵੇਰ ਕਮੇਟੀ ਤੋਂ ਬਾਹਰੋਂ ਮਜ਼ਦੂਰ ਲੀਡਰ ਵੀਰ ਭਾਨ ਭੁਲਰ, ਮੁਨੀ ਲਾਲ ਲੰਗੋਟੀ ਵਾਲਾ ਨੂੰ ਵੀ ਸਦਿਆ ਗਿਆ। ਵਿਸ਼ਵਕਰਮਾਂ ਯੂਨਿਟ ਦੇ ਪ੍ਰਧਾਨ ਸਾਧੂ ਸਿੰਘ ਨਿਧੜਕ ਅੰਬਾਲੇ ਤੋਂ ਆਏ। ਕਮੇਟੀ ਦੇ ਕਈ ਮੈਂਬਰਾਂ ਨੇ ਇਸ ਜਲਸੇ ਵਿਚ ਕਵਿਤਾਵਾਂ ਪੜ੍ਹੀਆਂ। 1962 ਵਿਚ ਕਮੇਟੀ ਨੇ ਦੀਵਾਰਾਂ ਦੇ ਤਿੰਨ ਕੇਸਾਂ ਦਾ ਫੈਸਲਾ ਕੀਤਾ।

1963 ਨਵੀਂ ਮੈਂਬਰਸ਼ਿਪ ਕੀਤੀ ਗਈ। ਚੋਣ ਇਸ ਪ੍ਰਕਾਰ ਹੋਈ—

ਪ੍ਰਧਾਨ--ਸ: ਸਵ ਰਨ ਸਿੰਘ
ਸੀ: ਮੀਤ ਪ੍ਰਧਾਨ—ਗਿ: ਚਰਨ ਸਿੰਘ

Digitized by Panjab Digital Library | www.panjabdigilib.org

ਮੀਤ ਪ੍ਰਧਾਨ–ਕਾ: ਸ਼ਿੰਗਾਰਾ ਸਿੰਘ
ਜਨਰਲ ਸਕੱਤਰ ਕਾ: ਸਾਧੂ ਸਿੰਘ
ਮੀਤ ਸਕੱਤਰ--ਕਾ: ਕਰਤਾਰ ਸਿੰਘ

ਇਸ ਸਾਲ ਇੰਮਰੂਵਮੈਂਟ ਟਰਸਟ ਨੇ ਸੁਪਰਵਾਈਜ਼ਰਾਂ ਲਈ ਕੁਝ ਫ਼ੀਸ ਮੁਕੱਰਰ ਕੀਤੀ ਤੇ ਨਾਲ ਹੀ ਕੁਝ ਸ਼ਰਤਾਂ ਜੋ ਪੂਰੀਆਂ ਹੋਣ ਤੇ ਹੀ ਕੋਈ ਸੁਪਰਵਾਈਜ਼ਰ ਬਣ ਸਕਦਾ ਸੀ, ਕਮੇਟੀ ਨੇ ਲਿਖਾ ਪੜ੍ਹੀ ਕਰਕੇ ਇਹ ਹੁਕਮ ਮਨਸੂਖ ਕਰਾਇਆ। ਇਸ ਸਾਲ ਇਕ ਕੇਸ ਜ ਹਾਈ ਕੋਰਟ ਵਿਚ ਚਲਦਾ ਸੀ, ਉਸਦਾ ਫੈਸਲਾ ਵੀ ਕਮੇਟੀ ਦੇ ਹੱਕ ਵਿਚ ਹੋਇਆ ਤੇ ਮਰਹੂਮ ਜਗਦੇਵ ਦੱਤ ਦੀ ਵਿਧਵਾ ਨੂੰ 35 ਸੌ ਰੁਪੈ ਇਸ ਫੈਸਲੇ ਕਾਰਨ ਮੁਆਵਜ਼ਾ ਮਿਲਿਆ, ਇਸ ਕੇਸ ਦੀ ਪੈਰਵੀ ਸ: ਸਾਧੂ ਸਿੰਘ ਤੇ ਸ. ਚਤਰ ਸਿੰਘ ਨੇ ਕੀਤੀ। ਇਸ ਸਾਲ ਕਾ: ਪਰੀਤਮ ਸਿੰਘ ਕਲਸੀ ਨੂੰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਅਡੀਟਰ ਦਾ ਅਹੁਦਾ ਦਿਤਾ ਗਿਆ।

1964 ਵਿੱਚ ਕਮੇਟੀ ਦੀਆਂ ਕੁਝ ਮੀਟਿੰਗਾਂ ਕੋਰਮ ਪੂਰਾ ਨਾ ਹੋਣ ਕਾਰਨ ਨਾ ਹੋ ਸਕੀਆਂ। ਮਹਿੰਗਾਈ ਨੂੰ ਮੁਖ ਰਖਦਿਆਂ ਰੇਟਾਂ ਵਿੱਚ ਵਾਧੇ ਦਾ ਐਲਾਨ ਇਸ਼ਤਿਹਾਰ ਰਾਹੀਂ ਕੀਤਾ ਗਿਆ।

ਇਹਨਾਂ ਸਾਲਾਂ ਵਿਚ ਕੁਝ ਦੀਵਾਰੀ ਝਗੜੇ ਦੇ ਕੁਝ ਕੇਸ ਆਏ ਜੋ ਨਿਪਟਾ ਦਿਤੇ ਗਏ। ਇਹਨਾਂ ਸਾਲਾਂ ਵਿਚ ਵਿਸ਼ਵਕਰਮਾਂ ਦਿਵਸ ਕਮੇਟੀ ਦੇ ਦਫਤਰ ਵਿਚ ਹਰ ਸਾਲ ਮਨਾਇਆ ਜਾਂਦਾ ਰਿਹਾ। ਵਧ ਰਹੀ ਮਹਿੰਗਾਈ ਕਾਰਨ ਇਮਾਰਤੀ ਕਾਮਿਆਂ ਦੀਆਂ ਉਜਰਤਾਂ ਵੀ ਇਸ ਸਮੇਂ ਵਿਚ ਵਧੀਆਂ।

1969 ਤੋਂ 1971 ਤਕ ਇਸ ਕਮੇਟੀ ਵਿਚ ਜਮੂਦ ਆ ਗਿਆ। ਸਰਗਰਮ ਸਾਥੀ ਵੀ ਕਮੇਟੀ ਦੇ ਕੰਮਾਂ ਤੇ ਮੀਟਿੰਗਾਂ ਵਿਚ ਘਟ ਦਿਲਚਸਪੀ ਲੈਂਦੇ ਰਹੇ। ਕੁਝ ਇਮਾਰਤੀ ਝਗੜੇ ਹੀ ਹੱਲ

Digitized by Panjab Digital Library / www.panjabdigilib.org

ਕੀਤੇ ਗਏ। ਹੋਰ ਕੋਈ ਵੀ ਕੰਮ ਨਾ ਹੋ ਸਕਿਆ।

1972 ਵਿਚ ਇੰਦਰ ਸਿੰਘ (ਰਾਜ) ਨੂੰ ਕੰਮ ਕਰਦਿਆਂ ਕਿਸੇ ਮਾਮੂਲੀ ਝਗੜੇ ਤੋਂ ਇੱਟਾਂ ਮਾਰ ਮਾਰ ਕੇ ਮਾਰ ਦਿਤਾ ਗਿਆ। ਇਸ ਕੇਸ ਨੇ ਕਮੇਟੀ ਵਿਚ ਫੇਰ ਸਰਗਰਮੀ ਲਿਆਂਦੀ। ਇਕ ਹਜ਼ਾਰ ਰੁਪਿਆ ਕੇਸ ਲੜਣ ਲਈ ਇਕੱਠਾ ਕੀਤਾ ਗਿਆ, ਪਰ ਇੰਦਰ ਸਿੰਘ ਦੇ ਪਿਤਾ ਤੇ ਹੋਰ ਗਵਾਹਾਂ ਦੇ ਮੁਕਰ ਜਾਣ ਕਾਰਣ ਕੇਸ ਦਾ ਸਾਡੇ ਵਿਰੁਧ ਫੈਸਲਾ ਹੋ ਗਿਆ ਤੇ ਮੁਲਜ਼ਮ ਬਰੀ ਹੋ ਗਿਆ। ਇਸ ਸਾਲ ਵੀ ਵਿਸ਼ਵਕਰਮਾਂ ਦਿਵਸ ਮਨਾਇਆ ਗਿਆ।

1973 ਵਿਚ ਨਵੀ ਚੋਣ ਹੋਈ ਤੇ ਪੁਰਾਣੇ ਅਹੁਦੇਦਾਰ ਹੀ ਚੁਣੇ ਗਏ।

ਇਸ ਸਾਲ ਸੀਮੈਂਟ ਦੀ ਬਹੁਤ ਜ਼ਿਆਦਾ ਥੁੜੋਂ ਹੋਣ ਕਾਰਨ ਇਮਾਰਤੀ ਕਾਮੇ ਵਿਹਲੇ ਫਿਰਨ ਲਗੇ। ਸੀਮੈਂਟ ਬਾਰੇ ਸਰਕਾਰੀ ਨੀਤੀ ਵਿਰੁਧ ਪ੍ਰੋਟੈਸਟ ਕੀਤਾ ਗਿਆ। ਇਸ਼ਤਿਹਾਰ ਰਾਹੀਂ ਪਚਾਰ ਕੀਤਾ ਗਿਆ। 8 ਅਗਸਤ ਨੂੰ ਇਕ ਵਿਸ਼ਾਲ ਜਲੂਸ਼ ਕਢਿਆ ਗਿਆ, ਜੋ ਸ਼ਿਵਲ ਸਪਲਾਈ ਦਫਤਰ ਗਿਆ, ਤੇ ਉਥੋਂ ਇਹ ਜਲੂਸ ਡੀ. ਸੀ. ਦੇ ਦਫਤਰ ਵੀ ਗਿਆ। ਡੀ.ਸੀ. ਸਾਹਿਬ ਨੇ ਮੰਗਾਂ ਤੇ ਵਿਚਾਰ ਕਰਨ ਦਾ ਭਰੋਸਾ ਦਵਾਇਆ।

1974 ਕਿਚ ਸੀਮੈਂਟ ਦੀ ਸਰਕਾਰ ਵਲੋਂ ਗਲਤ ਢੰਗ ਨਾਲ ਵੰਡ ਕਰਨ ਤੇ ਕਮੇਟੀ ਸਰਗਰਮ ਹੋਈ। ਇਕ ਐਕਸ਼ਨ ਕਮੇਟੀ ਬਣਾਈ ਗਈ। ਕਮੇਟੀ ਨੇ ਇਕ ਜਲਸਾ ਕੋਟ ਬਾਬਾ ਦੀਪ ਸਿੰਘ ਦੇ ਬਾਹਰ ਕੀਤਾ, ਜਿਸ ਵਿਚ ਸ਼ਹਿਰ ਦੇ ਬਹੁਤ ਸਾਰੇ ਮਜ਼ਦੂਰ ਲੀਡਰਾਂ ਨੇ ਤਕਰੀਰਾਂ ਕੀਤੀਆਂ ਤੇ ਇਮਾਰਤੀ ਕਾਮਿਆਂ ਨਾਲ ਏਕਤਾ ਦਾ ਪ੍ਰਗਟਾਵਾ ਕੀਤਾ। ਇਸ ਸਾਲ ਸਰਕਾਰ ਨੂੰ ਕਈ ਤਰਾਂ ਦੇ ਅੰਦੋਲਨਾਂ ਨਾਲ ਵਾਹ ਪਿਆ, ਜਿਸ ਕਾਰਨ

Digitized by Panjab Digital Library | www.panjabdigilib.org

ਸਾਡੀਆਂ ਮੰਗਾਂ ਸਰਕਾਰ ਤੋਂ ਨਾ ਮੰਨਵਾਈਆਂ ਜਾ ਸਕੀਆਂ ।

1975 ਵਿਚ ਛੋਟੇ ਛੋਟੇ ਕੇਸਾਂ ਦੇ ਨਾਲ ਕੁਝ ਹਾਦਸਿਆਂ ਦੇ ਕੇਸ ਆਏ । ਤਾਰਾ ਸਿੰਘ ਦੀ ਪਤਨੀ ਨੂੰ ਧਰਨਾ ਮਾਰ ਕੇ ਸ਼ਮਸ਼ਾਨ ਘਾਟ ਵਿਚ ਮੁਆਵਜ਼ਾ ਦਵਾਇਆ ਗਿਆ । ਜਿਸ ਵਿੱਚ ਬੀਬੀ ਬੀਰ ਕਲਸੀ ਨੇ ਉਚੇਚੇ ਤੌਰ ਤੇ ਸਰਗਰਮ ਹੋ ਕੇ ਸਾਡਾ ਸਾਥ ਦਿਤਾ। ਇਕ ਹੋਰ ਮਜ਼ਦੂਰ ਛੋਟੇ ਲਾਲ ਦੀ ਪਤਨੀ ਨੂੰ 2500 ਰੁਪੈ ਮੁਆਵਜ਼ਾ ਦਵਾਇਆ ਗਿਆ । ਅਮਰੀਕ ਸਿੰਘ ਰਾਜ ਨੂੰ ਸੱਟਾਂ ਲੱਗਣ ਕਾਰਣ ਮੁਆਵਜ਼ਾ ਦਵਾਇਆ ਗਿਆ । ਸੰਤੋਖ ਸਿੰਘ ਦੇ ਕੇਸ ਨੂੰ ਕਮੇਟੀ ਨੇ ਹਥ ਵਿਚ ਲਿਆ, ਪਰ ਉਸ ਨੇ ਆਪ ਕੋਈ ਖਾਸ ਦਿਲਚਸਪੀ ਨਾ ਦਿਖਾਈ, ਜਿਸ ਕਾਰਨ ਕਮੇਟੀ ਕੋਈ ਫੈਸਲਾ ਕਰ ਸਕੀ । ਆਮ ਦੀਵਾਰਾਂ ਦੇ ਕੇਸ ਆਏ ਜੋ ਨਿਪਟਾ ਦਿਤੇ ਗਏ ।

ਸਾਲ 1975 ਵਿਚ ਦਸ ਕੇਸ ਇਮਾਰਤੀ ਝਗੜੇ ਦੇ ਆਏ, ਜੋ ਨਿਪਟਾ ਦਿਤੇ ਗਏ । ਇਸ ਸਾਲ ਪਹਿਲੀ ਵਾਰ ਕਨਾਤਾਂ ਲਗਾ ਤੇ ਸੋਹਣੀ ਰੌਸ਼ਨੀ ਕਰਕੇ ਵਿਸ਼ਵਕਰਮਾਂ ਦਿਵਸ ਮਨਾਇਆ ਗਿਆ । ਇਸ ਵਿਚ ਕਵੀਆਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਬੁਲਾਰਿਆਂ ਵਿਚ ਡਾ: ਦਵਿੰਦਰ ਸਿੰਘ 'ਵਿਦਿਆਰਥੀ', ਪ੍ਰੋਫੈਸਰ ਅਵਤਾਰ ਸਿੰਘ ਹੋਣਾ ਆਦਿ ਨੇ ਬਾਬਾ ਜੀ ਦੀ ਜੀਵਨੀ ਤੇ ਰੋਸ਼ਨੀ ਪਾਈ। ਉਪਰੰਤ ਚਾਹ ਪਾਰਟੀ ਕੀਤੀ ਗਈ । ਇਸ ਸਾਲ ਦੀਵਾਰੀ ਰੇਟਾਂ ਦੀ ਰਵੀਜਨ ਵੀ ਕੀਤੀ ।

2 -6--1976 ਨੂੰ ਕਮੇਟੀ ਦੀ ਕਾਨਫਰੰਸ ਕੀਤੀ ਗਈ ਜਿਸ ਵਿੱਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ :—

ਪ੍ਰਧਾਨ–ਸ: ਸਵਰਨ ਸਿੰਘ

ਮੀਤ ਪ੍ਰਧਾਨ--ਗਿਆਨੀ ਚਰਨ ਸਿੰਘ

,, ,, ਸ: ਤਾਰਾ ਸਿੰਘ

Digitized by Panjab Digital Library | www.panjabdigilib.org

ਜਨਰਲ ਸਕੱਤਰ- ਕਾ: ਕਰਤਾਰ ਸਿੰਘ
ਮੀਤ ਸਕੱਤਰ--ਸ: ਗੁਰਦੀਪ ਸਿੰਘ ਮਠਾਰੂ
ਪ੍ਰਚਾਰ ਸਕੱਤਰ--ਸ: ਭਾਨ ਸਿੰਘ
ਖਜ਼ਾਨਚੀ- ਕਾ: ਸਾਧੂ ਸਿੰਘ
ਅਡੀਟਰ--ਕਾ: ਪਰੀਤਮ ਸਿੰਘ ਕਲਸੀ

ਅੱਠ ਅਹੁਦੇਦਾਰ ਤੋਂ ਇਲਾਵਾ ਸਤ ਹੋਰ ਵਰਕਿੰਗ ਮੈਂਬਰ ਵੀ ਚੁਣੇ ਗਏ।

ਪਿਛਲੀ ਕੁਲ ਮੈਂਬਰਸ਼ਿਪ ਅੱਸੀ ਸੀ, ਜਿਨ੍ਹਾਂ ਦਸ ਦਸ ਪ੍ਰਾਇਮਰੀ ਮੈਂਬਰ ਬਣਾਏ ਸਨ। ਇਸੇ ਸਾਲ ਵਿਧਾਨ ਦੀ ਸੋਧ ਕੀਤੀ ਗਈ। ਸੋਧੇ ਹਏ ਨਿਯਮਾਂ ਅਨੁਸਾਰ ਹਰ ਮੈਂਬਰ ਪੰਜ ਰੁਪੈ ਮੈਂਬਰ ਫੀਸ ਦੇ ਕੇ ਮੈਂਬਰ ਬਣ ਸਕਦਾ ਹੈ।

1977 ਵਿੱਚ 12 ਕੇਸ ਇਮਾਰਤੀ ਝਗੜੇ ਦੇ ਆਏ ਜੋ ਨਿਪਟਾ ਦਿਤੇ ਗਏ। ਇਕ ਕੇਸ ਵਸੂਲੀ ਉਜਰਤ ਦਾ ਆਇਆ ਠੇਕੇਦਾਰ ਕੋਲੋਂ ਪੈਸੇ ਦਿਵਾ ਦਿਤੇ। ਇਕ ਕੇਸ ਸੁਰਗਵਾਸੀ ਗੁਰਦੀਪ ਸਿੰਘ ਕੋਟ ਹਰਨਾਮ ਦਾਸ ਜਿਸਦੀ ਮੌਤ ਸ੍ਰੀ ਵਿਮਲ ਗਾਂਧੀ ਦੀ ਕੋਠੀ ਵਾਕਿਆ ਰੇਸ ਕੋਰਸ ਰੋਡ ਤੇ ਇਕ ਵਧਾਅ ਡਿਗਣ ਨਾਲ ਹੋ ਗਈ ਸੀ। ਇਸ ਕੇਸ ਵਿੱਚ ਦਫਤਰ ਵੱਲੋਂ ਦਖਲ ਦੇ ਕੇ 4200 ਰੁਪੈ ਮੁਆਵਜ਼ਾ ਸੁਰਗਵਾਸੀ ਦੇ ਵਾਰਸਾਂ ਨੂੰ ਦਿਵਾਇਆ।

ਇਕ ਮਜਦੂਰ ਬਗੇਲੂ ਰਾਮ ਦੀ ਮੌਤ ਛੱਤ ਤੋਂ ਡਿੱਗ ਕੇ ਹੋ ਗਈ ਸੀ। ਕਮੇਟੀ ਨੇ ਕੇਸ ਦੀ ਪੈਰਵੀ ਬੜੀ ਸਰਗਰਮੀ ਨਾਲ ਕੀਤੀ, ਪਰ ਪਿਛੋਂ ਵਾਰਸਾਂ ਨੇ ਥੋੜੇ ਪੈਸਿਆਂ ਤੇ ਫੈਸਲਾ ਕਰ ਲਿਆ।

Digitized by Panjab Digital Library | www.panjabdigilib.org

ਇਕ ਕੇਸ ਮੁਆਵਜ਼ੇ ਸਬੰਧੀ, ਜਿਸ ਵਿੱਚ ਦੋ ਕਾਮਿਆਂ ਨੂੰ ਕਾਫ਼ੀ ਗੰਭੀਰ ਸੱਟਾਂ ਚਾਰਟਰ ਬੈਂਕ ਵਿੱਚ ਕੰਮ ਕਰਦਿਆਂ ਲੱਗੀਆਂ ਸਨ, ਆਇਆ। ਇਸ ਬਿਲਡਿੰਗ ਦਾ ਕੰਮ ਦਿੱਲੀ ਦੀ ਇਕ ਫ਼ਰਮ ਕਰ ਰਹੀ ਸੀ। ਠੇਕੇਦਾਰ ਨੇ ਜ਼ਖਮੀਆਂ ਦੀ ਕੋਈ ਮਦਦ ਨਾ ਕੀਤੀ। ਉਪਰੰਤ ਕਮੇਟੀ ਨੇ ਠੇਕੇਦਾਰ ਤੇ ਕੰਮਪਨਸੇਸ਼ਨ ਐਕਟ ਅਧੀਨ ਸੀਨੀਅਰ ਸਬ ਜਜ ਦੀ ਅਦਾਲਤ ਵਿਚ ਮੁਆਮਜ਼ੇ ਦਾ ਦਾਵਾ ਦਾਇਰ ਕਰ ਦਿਤਾ।

ਇਸੇ ਸਾਲ ਕਮੇਟੀ ਦੇ ਸਾਬਕਾ ਪ੍ਰਧਾਨ ਸ: ਧਰਮ ਸਿੰਘ ਜੀ ਅਕਾਲ ਚਲਾਨਾ ਕਰ ਗਏ, ਜਿਸ ਬਾਰੇ ਸ਼ੋਕ-ਮਤਾ ਪਾਸ ਕੀਤਾ ਗਿਆ।

ਇਲਹਾਕ--ਪਿਛਲੀ ਕਾਨਫ਼ਰੰਸ ਵਿਚ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਨਾਲ ਇਲਹਾਕ ਕਰਨ ਦਾ ਮਤਾ ਪਾਸ ਕੀਤਾ ਗਿਆ। ਕਾਂਗਰਸ ਨੂੰ ਉਸਦੀ ਫੀਸ ਤੇ ਸਬੰਧਤ ਫਾਰਮ ਭਰ ਕੇ ਭੇਜ ਦਿਤੇ ਗਏ।

12-11-77 ਨੂੰ ਵਿਸ਼ਵਕਰਮਾਂ ਦਿਵਸ ਪਿਛਲੇ ਸਾਲ ਦੀ ਤਰਾਂ ਬੜੀ ਧੂਮ ਧਾਮ ਨਾਲ ਮਨਾਇਆ ਗਿਆ।

1978 ਵਿਚ ਦੀਵਾਰੀ ਝਗੜਿਆਂ ਦੇ 13 ਕੇਸ ਆਏ ਜੋ ਨਿਪਟਾ ਦਿਤੇ ਗਏ। ਇਕ ਕੇਸ ਵਸੂਲੀ ਉਜਰਤ ਦਾ ਮਿ: ਸਵਰਨ ਸਿੰਘ ਦਾ ਆਇਆ ਜੋ ਨਿਪਟਾ ਦਿਤਾ ਗਿਆ।

ਹਰ ਸਾਲ ਵਾਂਗ ਵਿਸ਼ਵਕਰਮਾਂ ਦਿਵਸ ਮਨਾਇਆ ਗਿਆ ਜਿਸਦੀ ਹਾਜ਼ਰੀ ਪਿਛਲੇ ਸਾਲਾਂ ਨਾਲੋਂ ਵਧ ਸੀ। ਇਸ ਸਮਾਗਮ ਵਿਚ ਕਵੀਆਂ ਤੋਂ ਇਲਾਵਾ ਮੁਖ ਬੁਲਾਰੇ ਸ੍ਰੀ ਡੀ. ਡੀ. ਸ਼ਰਮਾ

Digitized by Panjab Digital Library | www.panjabdigilib.org

ਸਨ, ਜਿਨ੍ਹਾਂ ਨੇ ਚੰਗਾ ਰੰਗ ਬੰਨਿਆ ਤੇ ਇਮਾਰਤੀ ਕਾਮਿਆਂ ਵਿਚ ਏਕਤਾ ਵਧਾਉਣ ਤੇ ਜ਼ੋਰ ਦਿਤਾ । 1979 ਦੇ ਤੀਸਰੇ ਮਹੀਨੇ ਦੀਵਾਰ ਰੇਟਾਂ ਦੀ ਸੋਧ ਕੀਤੀ ਗਈ, ਇਸ ਸਾਲ ਇਮਾਰਤੀ ਝਗੜਿਆਂ ਦੇ 12 ਕੇਸ ਨਿਪਟਾਏ ਗਏ।

ਅਖਬਾਰ ਰੋਜ਼ਾਨਾ ਅਜੀਤ ਵਿਚ ਇਕ ਮਿੰਨੀ ਕਹਾਣੀ ਛਪੀ ਸੀ, ਜਿਸ ਵਿਚ ਇਮਾਰਤੀ ਕਾਮਿਆਂ ਪ੍ਰਤੀ ਇਤਰਾਜਯੋਗ ਸ਼ਬਦ ਵਰਤੇ ਗਏ ਸਨ । ਇਸ ਕਹਾਣੀ ਨਾਲ ਇਮਾਰਤੀ ਕਾਮਿਆਂ ਦੇ ਜਜ਼ਬਾਤ ਨੂੰ ਕਾਫ਼ੀ ਠੇਸ ਪੁਜੀ । ਦਫ਼ਤਰ ਵਲੋਂ ਅਜੀਤ ਦੇ ਸੰਪਾਦਕ ਨੂੰ ਇਕ ਚਿੱਠੀ ਰਾਹੀਂ ਇਮਾਰਤੀ ਕਾਮਿਆਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਗਿਆ । ਅਖਬਾਰ ਅਜੀਤ ਨੇ ਇਕ ਚਿੱਠੀ ਰਾਹੀਂ ਖਿਮਾਂ ਮੰਗੀ । ਇਸ ਸਾਲ ਵੀ ਵਿਸ਼ਵਕਰਮਾਂ ਦਿਵਸ ਪੂਰੇ ਜੋਸ਼ ਨਾਲ ਮਨਾਇਆ ਗਿਆ ।

1980 ਵਿੱਚ ਬਿਲਡਿੰਗ ਮਟੀਰੀਅਲ ਦੀਆਂ ਵਧ ਦੀਆਂ ਕੀਮਤਾਂ ਨੂੰ ਮੁਖ ਰਖ਼ਦਿਆਂ ਦੀਵਾਰੀ ਰੇਟਾਂ ਦੀ ਦੋ ਵਾਰ ਸੋਧ ਕੀਤੀ ਗਈ ।

ਆਲ ਇੰਡੀਆ ਟਰੇਡ ਯੂਨੀਅਨ ਕਾਂਗ੍ਰਸ ਨਾਲ ਇਲਹਾਕ ਹੋ ਜਾਣ ਤੇ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਆਇਆ ਇਹ ਕਾਨਫ਼ਰੰਸ ਲੁਧਿਆਣਾ ਵਿਖੇ ਹੋਈ ਸੀ ਜਿਸ ਵਿੱਚ ਹੇਠ ਲਿਖੇ ਸਾਥੀ ਸ਼ਾਮਲ ਹੋਏ: ਕਰਤਾਰ ਸਿੰਘ, ਪਰੀਤਮ ਸਿੰਘ ਕਲਸੀ, ਸਾਧੂ ਸਿੰਘ ਤੇ ਗੁਰਦੀਪ ਸਿੰਘ ਮਠਾਰੂ । ਇਸ ਡੈਲੀਗੇਸ਼ਨ ਦੀ ਅਗਵਾਈ ਪ੍ਰੀਤਮ ਸਿੰਘ ਕਲਸੀ ਨੇ ਕੀਤੀ । ਇਸ ਕਾਨਫਰੰਸ ਦੀ ਰੀਪੋਰਟ ਵਿੱਚ ਅਸਾਂ ਆਪਣੇ ਮਸਲੇ ਦਰਜ ਕਰਾਏ । ਇਕ ਮਤਾ ਸੀਮੈਂਟ ਸਬੰਧੀ ਦਰਜ ਕਰਾਇਆ, ਇਕ ਮਤਾ ਇਮਾਰਤੀ

Digitized by Panjab Digital Library | www.panjabdigilib.org

ਕਾਮਿਆਂ ਦੀ ਕੰਮਪਨਸ਼ੇਸ਼ਨ ਦਾ ਵੀ ਦਰਜ ਕਰਾਇਆ।

ਇਸ ਸਾਲ ਦੀ ਖਾਸ ਪ੍ਰਾਪਤੀ ਚਾਟਰਡ ਬੈਂਕ ਕੇਸ ਦੀ ਜਿੱਤ ਹੈ। ਇਹ ਕੇਸ ਲਗਭਗ 3 ਸਾਲ ਚਲਦਾ ਰਿਹਾ। ਤਾਰਾ ਸਿੰਘ ਤੇ ਗਿਆਨ ਸਿੰਘ ਇਕ ਹਾਦਸੇ ਵਿਚ ਬੁਰੀ ਤਰਾਂ ਜ਼ਖਮੀ ਹੋਏ ਸਨ, ਤਾਰਾ ਸਿੰਘ ਨੂੰ ਅੱਠ ਹਜ਼ਾਰ ਰੁਪੈ ਮੁਆਵਜ਼ਾ ਮਿਲਿਆ ਜਦ ਕਿ ਗਿਆਨ ਸਿੰਘ ਨੂੰ ਲਗਭਗ ਤੇਰਾਂ ਹਜ਼ਾਰ ਰੁਪੈ ਮੁਆਵਜ਼ਾ ਮਿਲਿਆ।

ਇਸ ਸਾਲ ਵੀ ਵਿਸ਼ਵਕਰਮਾਂ ਦਿਵਸ ਮਨਾਇਆ ਗਿਆ ਕਵੀਆਂ ਤੋਂ ਇਲਾਵਾ ਡਾ: ਦਵਿੰਦਰ ਸਿੰਘ 'ਵਿਦਿਆਰਥ' ਤੇ ਤੇ ਸਾਬਕਾ ਐਮ.ਐਲ.ਏ. ਕਾ: ਸਤਿਪਾਲ ਡਾਂਗ ਨੇ ਭਾਸ਼ਨ ਦਿਤੇ।

ਵਿਸ਼ਵਕਰਮਾਂ ਦਿਵਸ਼ ਦੀ ਉਗਰਾਹੀ ਦੇ ਨਾਲ ਨਾਲ ਮੈਂਬਰਸ਼ਿਪ ਵਧਾਉਣ ਲਈ ਮੁਹਿਮ ਚਲਾਈ ਗਈ ਤੇ ਮੈਂਬਰਸ਼ਿਪ 131 ਤਕ ਪਹੁੰਚ ਗਈ।

1981 ਵਿਚ ਮੈਂਬਰਸ਼ਿਪ ਕਰਕੇ ਚੋਣ ਕੀਤੀ ਗਈ; ਜਿਸ ਵਿੱਚ ਅਹੁਦੇਦਾਰਾਂ ਦੀ ਚੋਣ ਇਸ ਪ੍ਰਕਾਰ ਕੀਤੀ ਗਈ :

ਪ੍ਰਧਾਨ–ਸ: ਸਵਰਨ ਸਿੰਘ
ਮੀਤ ਪ੍ਰਧਾਨ–ਗਿਆਨੀ ਚਰਨ ਸਿੰਘ
ਮੀਤ ਪ੍ਰਧਾਨ-ਮਿ: ਬਲਵੰਤ ਸਿੰਘ
ਜਨਰਲ ਸਕੱਤਰ–ਕਾਮਰੇਡ ਕਰਤਾਰ ਸਿੰਘ
ਮੀਤ ਸਕੱਤਰ--ਸ: ਗੁਰਦੀਪ ਸਿੰਘ ਮਠਾਰੂ
ਖਜ਼ਾਨਚੀ--ਕਾ: ਸਾਧੂ ਸਿੰਘ
ਪ੍ਰਚਾਰ ਸਕੱਤਰ--ਸ: ਦਿਆਲ ਸਿੰਘ
ਅਡੀਟਰ--ਕਾ: ਪਰੀਤਮ ਸਿੰਘ ਕਲਸੀ

Digitized by Panjab Digital Library | www.panjabdigilib.org

8 ਅਹੁਦੇਦਾਰਾਂ ਤੋਂ ਇਲਾਵਾ ਸਤ ਵਰਕਿੰਗ ਮੈਂਬਰ ਚੁਣੇ ਗਏ ।

ਇਸ ਸਾਲ ਤੇਰਾਂ ਕੇਸ ਇਮਾਰਤੀ ਝਗੜੇ ਦੇ ਨਿਪਟਾਏ ਗਏ ।

ਹਰ ਸਾਲ ਵਾਂਗ ਵਿਸ਼ਵਕਰਮਾ ਦਿਵਸ ਮਨਾਇਆ ਗਿਆ ਜਿਸ ਵਿਚ ਮੁਖ ਬੁਲਾਰੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਘੇ ਵਿਦਵਾਨ ਡਾ: ਰਾਜ ਪਾਲ ਸਨ, ਜਿਨ੍ਹਾਂ ਨੇ ਕਿਰਤ ਦੀ ਮਹਾਨਤਾ ਤੇ ਬੜੇ ਸੋਹਣੇ ਢੰਗ ਨਾਲ ਚਾਨਣਾ ਪਾਇਆ । ਕਵੀਆਂ ਨੇ ਬਾਬਾ ਜੀ ਦੀ ਜੀਵਨੀ ਸਬੰਧੀ ਆਪਣੀਆਂ ਕਵਿਤਾਵਾਂ ਪੜ੍ਹੀਆਂ ।

ਇਸ ਸਾਲ ਦੋ ਵਾਰ ਦੀਵਾਰੀ ਰੇਟਾਂ ਦੀ ਰਵੀਜ਼ਨ ਕੀਤੀ ਗਈ ।

ਸਾਲ 1982 ਵਿੱਚ ਬਾਰਾਂ ਕੇਸ ਇਮਾਰਤੀ ਝਗੜੇ ਦੇ ਆਏ ਜੋ ਨਿਪਟਾ ਦਿਤੇ ਗਏ । ਹਰ ਸਾਲ ਵਾਂਗ ਵਿਸ਼ਵਕਰਮਾਂ ਦਿਵਸ ਮਨਾਇਆ ਗਿਆ ।

ਸਾਲ 1983 ਵਿੱਚ ਦੀਵਾਰੀ ਰੇਟਾਂ ਦੀ ਰਵੀਜਨ ਕੀਤੀ ਗਈ ਤੇ 11 ਕੇਸ ਇਮਾਰਤੀ ਝਗੜੇ ਦੇ ਨਿਪਟਾਏ ਗਏ ।

---

ਨਿਊ ਕਲਕੱਤਾ ਪ੍ਰੈਸ, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ
ਪ੍ਰਿੰਟਰ ਮਹਿੰਦਰ ਸਿੰਘ

Digitized by Panjab Digital Library | www.panjabdigilib.org

PL-0148

Digitized by Panjab Digital Library | www.panjabdigilib.org

# ਗੋਲਡਨ–ਜੁਬਲੀ

ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਮਾਰਤੀ ਕਾਰਕੁਨ
ਕਮੇਟੀ ਨੂੰ ਸਥਾਪਤ ਹੋਇਆਂ 1933 ਤੋਂ 1983 ਤਕ
ਪੰਜਾਹ ਵਰ੍ਹੇ ਹੋ ਗਏ ਹਨ। ਇਮਾਰਤੀ ਕਾਰਕੁਨ
ਕਮੇਟੀ ਦੀ ਪੰਜਾਹ ਸਾਲਾ ਗੋਲਡਨ ਜੁਬਲੀ
50 ਨਵੰਬਰ 1983 ਨੂੰ ਵਿਸ਼ਵਕਰਮਾਂ
ਦਿਵਸ ਦੇ ਨਾਲ ਹੀ ਮਨਾਈ
ਜਾ ਰਹੀ ਹੈ।

ਆਓ ! ਬਾਬਾ ਵਿਸ਼ਵਕਰਮਾਂ ਜੀ ਅਗੇ ਅਰਦਾਸ ਕਰੀਏ ਕਿ
ਇਹ ਕਮੇਟੀ ਪਿਛਲੇ ਸਾਲਾਂ ਵਾਂਗ ਅਗੇ ਤੋਂ ਵੀ ਵਧੇਰੇ
ਉਤਸ਼ਾਹ ਨਾਲ ਇਮਾਰਤੀ ਕਾਰਕੁਨ ਕਮੇਟੀ
ਇਮਾਰਤੀ ਕਾਮਿਆਂ ਦੀ ਸੇਵਾ ਕਰਦੀ ਰਹੇ।
ਸਭ ਇਮਾਰਤੀ ਕਾਮਿਆਂ ਨੂੰ ਅਪੀਲ
ਹੈ ਕਿ ਵਧ ਤੋਂ ਵਧ ਮੈਂਬਰ
ਬਣਾ ਕੇ ਏਕਤਾ ਦਾ
ਸਬੂਤ ਦਿਓ।

Digitized by Panjab Digital Library | www.panjabdigilib.org